File No.SED-EDU401/77/2022-4EDU4-Part(1)

I/576648/2023

ਪੰਜਾਬ ਸਰਕਾਰ

ਸਿੱਖਿਆ ਵਿਭਾਗ

(ਸਿੱਖਿਆ-4 ਸ਼ਾਖਾ)

ਹੁਕਮ

ਲੈਕਚਰਾਰ/ਹੈੱਡਮਾਸਟਰ/ਵੋਕੇਸ਼ਨਲ ਕਾਡਰ ਤੋਂ ਬਤੌਰ ਪ੍ਰਿੰਸੀਪਲ ਪਦਉੱਨਤੀਆਂ ਕਰਨ ਲਈ ਮਿਤੀ 25.11.2022 ਨੂੰ ਡੀ.ਪੀ.ਸੀ. ਕੀਤੀ ਗਈ ਸੀ। ਡੀ.ਪੀ.ਸੀ. ਵੱਲੋਂ ਸਿਫਾਰਸ਼ ਕੀਤੇ ਅਨੁਸਾਰ ਲਗਭਗ 194 ਕਰਮਚਾਰੀਆਂ ਨੂੰ ਸਰਕਾਰ ਦੇ ਹੁਕਮ ਮਿਤੀ 29.11.2022 ਰਾਹੀਂ ਬਤੌਰ ਪ੍ਰਿੰਸੀਪਲ ਪਦਉੱਨਤ ਕੀਤਾ ਗਿਆ ਸੀ। ਪ੍ਰੰਤੂ ਲੈਕਚਰਾਰਾਂ ਦੀ ਸੀਨੀਆਰਤਾ ਸਬੰਧੀ NCSC ਨਵੀਂ ਦਿੱਲੀ ਵਿਖੇ ਸ਼ਿਕਾਇਤ ਦੇ ਚੱਲਦੇ ਨਵੇਂ ਪਦਉੱਨਤ ਹੋਏ ਪ੍ਰਿੰਸੀਪਲਾਂ ਦੀਆਂ ਤੈਨਾਤੀਆਂ ਨਹੀਂ ਕੀਤੀਆਂ ਗਈਆ ਸਨ। ਪ੍ਰੰਤੂ ਸਿਵਲ ਰਿੱਟ ਪਟੀਸ਼ਨ ਨੰਬਰ 4884 ਆਫ 2023 ਵਿੱਚ ਮਾਨਯੋਗ ਕੋਰਟ ਦੇ ਹੁਕਮਾਂ ਮਿਤੀ 13-3-2023 ਅਨੁਸਾਰ ਮਿਤੀ 31.03.2023 ਨੂੰ ਨਵੇਂ ਪਦਉੱਨਤ ਹੋਏ ਪ੍ਰਿੰਸੀਪਲਾਂ ਦੀਆਂ ਤੈਨਾਤੀਆਂ ਕਰ ਦਿੱਤੀਆਂ ਗਈਆਂ ਸਨ। ਇਸ ਦੌਰਾਨ ਮਿਤੀ 01.12.2022 ਤੋਂ ਮਿਤੀ 31.03.2023 (ਤੈਨਾਤੀ ਹੋਣ ਦੇ ਸਮੇਂ ਤੱਕ) 04 ਪ੍ਰਿੰਸੀਪਲ ਰਿਟਾਇਰ ਹੋ ਗਏ ਸਨ। ਜਿਨ੍ਹਾਂ ਦੀਆਂ ਤੈਨਾਤੀਆਂ ਨਹੀਂ ਕੀਤੀਆਂ ਜਾ ਸਕੀਆਂ ਅਤੇ ਉਨ੍ਹਾਂ ਨੂੰ ਉਸ ਸਮੇਂ ਦੀ ਤਨਖ਼ਾਹ ਵੀ ਨਹੀਂ ਮਿਲ ਸਕੀ ਅਤੇ ਨਾ ਹੀ ਉਹ ਆਪਣਾ ਪੈਨਸ਼ਨ ਕੇਸ ਭੇਜ ਸਕੇ। ਹੁਣ ਇਨ੍ਹਾਂ ਪ੍ਰਿੰਸੀਪਲਾਂ ਵੱਲੋਂ ਪ੍ਰਾਪਤ ਹੋਈਆਂ ਪ੍ਰਤੀਬੇਨਤੀਆਂ ਨੂੰ ਵਿਚਾਰਨ ਉਪਰੰਤ ਉਨ੍ਹਾਂ ਦੀ ਬਤੌਰ ਪ੍ਰਿੰਸੀਪਲ ਦੀ ਹਾਜ਼ਰੀ ਦੀ ਮਿਤੀ ਤੋਂ ਹੇਠਾਂ ਦਰਜ ਅਨੁਸਾਰ ਨੋਸ਼ਨਲ ਤੌਰ ਤੇ ਸਟੇਸ਼ਨ ਅਲਾਟ ਕੀਤਾ ਜਾਂਦਾ ਹੈ, ਤਾਂ ਜੋ ਉਨ੍ਹਾਂ ਨੂੰ ਉਸ ਸਮੇਂ ਦੀ ਤਨਖਾਹ ਮਿਲ ਸਕੇ ਅਤੇ ਉਹ ਆਪਣਾ ਪੈਨਸ਼ਨ ਕੇਸ ਮਹਾਂਲੇਖਾਕਾਰ ਨੂੰ ਭੇਜ ਸਕਣ:-

| ਲੜੀ ਨੰ: | ਅਧਿਕਾਰੀ ਦਾ ਨਾਮ ਸ੍ਰੀ/ਸ੍ਰੀਮਤੀ ਅਤੇ ਅਹੁਦਾ | ਸੀਨੀਆਰਤਾ ਨੰ: | ਰਿਟਾਇਰਮੈਂਟ ਮਿਤੀ | ਨੋਸ਼ਨਲ ਤੈਨਾਤੀ ਦਾ ਸਥਾਨ |
|---|---|---|---|---|
| 1. | ਪੂਨਮ ਸਿੰਘ, ਪ੍ਰਿੰਸੀਪਲ | 4537 | 30.11.2022 | ਸਸਸਸ ਰਮਦਾਸ, ਅੰਮ੍ਰਿਤਸਰ |
| 2. | ਮਨੀਤਾ ਦੇਵੀ, ਪ੍ਰਿੰਸੀਪਲ | 2379 | 31.12.2022 | ਸਸਸਸ ਫੈਜ਼ੁਲਾਪੁਰ, ਫਤਿਹਗੜ੍ਹ ਸਾਹਿਬ |
| 3. | ਦਵਿੰਦਰ ਕੌਰ, ਪ੍ਰਿੰਸੀਪਲ | 2134 | 31.01.2023 | ਸਸਸਸ ਖਾਨਪੁਰ ਢੱਡਾ, ਜਲੰਧਰ |
| 4. | ਜਸਪਾਲ ਸਿੰਘ, ਪ੍ਰਿੰਸੀਪਲ | 2159 | 31.12.2022 | ਸਸਸਸ(ਲੜਕੇ) ਡਰੋਲੀ ਭਾਈ, ਮੋਗਾ |

2. ਇਹ ਹੁਕਮ ਸਮਰੱਥ ਅਧਿਕਾਰੀ ਜੀ ਦੀ ਪ੍ਰਵਾਨਗੀ ਉਪਰੰਤ ਜਾਰੀ ਕੀਤੇ ਜਾਂਦੇ ਹਨ।

ਸੀਮਾ ਜੈਨ, ਆਈ.ਏ.ਐਸ.,

ਵਧੀਕ ਮੁੱਖ ਸਕੱਤਰ, ਪੰਜਾਬ ਸਰਕਾਰ,

ਸਕੂਲ ਸਿੱਖਿਆ ਵਿਭਾਗ।

ਮਿਤੀ, ਚੰਡੀਗੜ੍ਹ:

05.06.2023

ਪਿ: ਅੰ: ਨੰ: ਉਕਤ/

ਮਿਤੀ, ਚੰਡੀਗੜ੍ਹ: 08-06-2023

ਉਪਰੋਕਤ ਦਾ ਉਤਾਰਾ ਹੇਠਾਂ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਡਾਇਰੈਕਟਰ ਜਨਰਲ ਸਕੂਲ ਸਿੱਖਿਆ ਪੰਜਾਬ, ਐਸ.ਏ.ਐਸ. ਨਗਰ ਮੋਹਾਲੀ।
2. ਡਾਇਰੈਕਟਰ ਸਕੂਲ ਐਜੂਕੇਸ਼ਨ (ਸੈਕੰਡਰੀ) ਪੰਜਾਬ, ਐਸ.ਏ.ਐਸ. ਨਗਰ ਮੋਹਾਲੀ।
3. ਸਬੰਧਤ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.) (ਈ-ਮੇਲ ਰਾਹੀਂ)।
4. ਡੀ.ਐਮ. ਐਮ.ਆਈ.ਐਸ. ਵਿੰਗ ਦਫ: ਡੀ.ਜੀ.ਐਸ.ਈ., ਪੰਜਾਬ ਨੂੰ ਕਾਪੀ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਇਹਨਾਂ ਹੁਕਮਾਂ ਨੂੰ ਤੁਰੰਤ ਵਿਭਾਗ ਦੀ ਵੈੱਬਸਾਈਟ ਤੇ ਅਪਲੋਡ ਕੀਤਾ ਜਾਵੇ।
5. ਸਬੰਧਤ ਅਧਿਕਾਰੀ (ਵੈੱਬਸਾਈਟ ਰਾਹੀਂ)।

(ਸੁਰਜੀਤ ਸਿੰਘ)

ਸੁਪਰਡੰਟ